# KHALSA PRIMARY SCHOOL

Headteacher: Ms P. K. Sehmi

Volume 7 Issue 12


## Week beginning: 30 November 2015

### Parents' Meetings

There will be an opportunity for parents to meet with your child's teacher during the week beginning **Monday 7th December**. Meetings will run from 3pm - 4pm. Nursery meetings will run at different times. Please check the times on the sheets and sign up on the collection doors for a suitable time. Teachers will discuss your child's progress and also share with you targets. It is essential that you attend these meetings. **Please note that school will finish at normal time of 3.20pm on these days.**






### Book Fair

From **Monday 7th December to Friday 11th November**, we will be holding a Book Fair. This will be held from 3pm to 4pm every day in the small hall. Please take the opportunity to buy books for your child. Reading is fun!

### Fire Evacuation

As parents will be aware that we had a fire evacuation on 25th November at 8.30am. We would like to remind parents of the emergency evacuation procedures. If the fire alarm goes off whilst you are in school, please leave the building immediately and walk to the green area opposite Norwood Hall and wait there. Children will be escorted to the fire assembly point opposite the school building. It is essential you clear the courtyard area to make evacuation easier and safer for everybody. Thank you for your support.

### Admissions

The deadline for Nursery and Reception Admissions 2016/17 is **Friday 15th January 2016**. Please make sure your applications are in on time to avoid disappointment. **It is important that all current Nursery parents complete an application for Reception. Without this your child will not be considered for a place in the next academic year.** For more information please see Mrs. Kaur (Admissions Officer) in the school office.

### Collecting children & Authorisation

Please note that we cannot accept last minute phone calls to authorise collection of your child to any individual who does not appear on the collection list. **We will not send your child home with anyone who has not been authorised.**

### School Uniform

Please ensure that your child wears the **correct** school uniform everyday. They need to wear the following:




- Blazer
- School jumper with logo
- White shirt/polo shirt
- Black school trousers **(no tracksuit bottoms)**
- Black school shoes **(no trainers/football shoes allowed – unless during sports activities, which they need to change in and out of at school)**
- Black / white socks
- Navy blue plain patka **(some children are wearing black / knitted / logo prints patkas which are not allowed)**

If your child comes to school without wearing the correct school uniform, you will be contacted to bring the appropriate clothes into school.

### Thought of the week

**"Always do your best. what you plant now, you will harvest later."**

### ATTENDANCE

Well done to **Guru Har Krishan Sahib Ji's Class** for achieving best attendance for week ending **27/11/2015**.

### Dates for your diary




| Date | Event |
|---|---|
| Week beginning 7th December | Book fair |
| Week beginning 7th December | Parents' meetings to discuss individual pupil progress |
| Friday 18th December | End of Autumn Term |
| Monday 21st December | School Holidays |
| Monday 4th January | Staff training day (no school for children) |
| Tuesday 5th January | Start of Spring Term - Children return to school |


Khalsa Primary School - Norwood Green Road, Southall, Middlesex, UB2 4LA.

**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੭,
ਇਸ਼ੂ ੧੨

## ਹਫ਼ਤੇ ਦਾ ਅਰੰਭ: ੩੦ ਨਵੰਬਰ ੨੦੧੫

### ਮਾਪਿਆਂ ਦੀਆਂ ਮੁਲਾਕਾਤਾਂ

੭ ਨਵੰਬਰ ਨੂੰ ਸ਼ੁਰੂ ਹੁੰਦੇ ਹਫ਼ਤੇ ਬੱਚਿਆਂ ਦੇ ਮਾਪਿਆਂ ਦੀਆਂ ਮੁਲਾਕਾਤਾਂ ਕਰਾਂਗੇ, ਜਿਨ੍ਹਾਂ ਵਿਚ ਆਪ ਜੀ ਲਈ ਮੌਕਾ ਹੋਵੇਗਾ ਕਿ ਆਪ ਜੀ ਆਪਣੇ ਬੱਚਿਆਂ ਦੇ ਅਧਿਆਪਕਾਂ ਨਾਲ ਉਨ੍ਹਾਂ ਦੁਆਰਾ ਕੀਤੇ ਵਿਕਾਸ ਬਾਰੇ ਵਿਚਾਰ ਕਰ ਸਕੋਗੇ ।ਇਹ ਮੁਲਾਕਾਤਾਂ ਹਰ ਦਿਨ ੩ ਤੋਂ ੪ ਵਜੇ ਤੱਕ ਹੋਣਗੀਆਂ। ਨਰਸਰੀ ਦੀਆਂ ਮੁਲਾਕਾਤਾਂ ਵਖਰੇ ਸਮੇਂ ਹੋਣਗੀਆਂ।ਕਿਰਪਾ ਕਰਕੇ ਆਪਣੇ ਬੱਚੇ ਦੇ ਨਾਮ ਤੇ ਸਮੇਂ ਦੇ ਅੱਗੇ ਦਸਤਖ਼ਤ ਕਰਨੇ ਜਿਨ੍ਹਾਂ ਦੀ ਸ਼ੀਟ ਬੱਚਿਆਂ ਨੂੰ ਲਿਜਾਣ ਵਾਲੇ ਦਰਵਾਜ਼ਿਆਂ ਦੇ ਬਾਹਰ ਲੱਗੀ ਹੈ । ਅਧਿਆਪਕ ਆਪ ਜੀ ਦੇ ਬੱਚਿਆਂ ਦੇ ਵਿਕਾਸ ਅਤੇ ਟੀਚਿਆਂ ਬਾਰੇ ਵੀ ਆਪ ਜੀ ਨਾਲ ਵਿਚਾਰ ਕਰਨਗੇ ।ਇਨ੍ਹਾਂ ਮੁਲਾਕਾਤਾਂ ਵਿਚ ਆਪ ਜੀ ਦਾ ਆਉਣਾ ਲਾਜ਼ਮੀ ਹੈ।ਕਿਰਪਾ ਕਰਕੇ ਨੋਟ ਕਰਨਾ ਕਿ ਇਨ੍ਹਾਂ ਦਿਨਾਂ ਵਿਚ ਸਕੂਲ ਆਮ ਵਾਂਗ ੩.੨੦ ਤੇ ਸਮਾਪਤ ਹੋਵੇਗਾ ਜੀ।

### ਪੁਸਤਕ ਮੇਲਾ






**ਸੋਮਵਾਰ ੭ ਦਿਸੰਬਰ ਤੋਂ ਸ਼ੁਕਰਵਾਰ ੧੧ ਦਿਸੰਬਰ** ਤੱਕ ਅਸੀਂ ਪੁਸਤਕ ਮੇਲਾ ਲਾਵਾਂਗੇ।ਤੁਹਾਡੇ ਕੋਲ ਆਪਣੇ ਬੱਚਿਆਂ ਦੇ ਲਈ ਪੁਸਤਕਾਂ ਖਰੀਦਣ ਦਾ ਇਹ ਸੁਨਿਹਰੀ ਮੌਕਾ ਹੋਵੇਗਾ।ਇਹ ਸਾਰਾ ਹਫ਼ਤਾ ਸ਼ਾਮ ੩ ਤੋਂ ੪ ਵਜੇ ਤੱਕ ਸਕੂਲ ਦੇ ਛੋਟੇ ਹਾਲ ਵਿਚ ਲਗੇਗਾ।ਪੜਨਾ ਬੜਾ ਅਨੰਦਦਾਇਕ ਹੈ!

### ਸੰਕਟ ਵੇਲੇ ਖਾਲੀ ਕਰਨਾ

ਜਿਵੇਂ ਕਿ ਬਹੁਤੇ ਮਾਪੇ ਜਾਣਦੇ ਹਨ ਕਿ ਬੁੱਧਵਾਰ ੨੫ ਨਵੰਬਰ ਨੂੰ ਅੱਗ ਦੇ ਸੰਕਟ ਵੇਲੇ ਇਮਾਰਤ ਨੂੰ ਅਚਾਨਕ ਸਵੇਰੇ ੮.੩੦ ਤੇ ਖਾਲੀ ਕਰਨਾ ਪਿਆ ਸੀ।ਅਸੀਂ ਮਾਪਿਆਂ ਨੂੰ ਸੰਕਟ ਵੇਲੇ ਇਮਾਰਤ ਨੂੰ ਅਚਾਨਕ ਖਾਲੀ ਕਰਨ ਦੇ ਨਿਯਮ ਬਾਰੇ ਜਾਣਕਾਰੀ ਦੇਣਾ ਚਾਹੁੰਦੇ ਹਾਂ।ਜੇਕਰ ਫਿਰ ਕਦੀ ਆਪ ਦੇ ਸਕੂਲ ਵਿਚ ਹੁੰਦਿਆਂ ਫਿਰ ਕਦੀ ਅਲਾਰਮ ਵੱਜੇ ਤਾਂ ਕਿਰਪਾ ਕਰਕੇ ਇਕਦਮ ਇਮਾਰਤ ਤੋਂ ਬਾਹਰ ਆ ਕੇ ਸਕੂਲ ਦੇ ਗੇਟ ਤੋਂ ਬਾਹਰ ਨਾਰਵੁੱਡ ਹਾਲ ਦੇ ਸਾਹਮਣੇ ਵਾਲੇ ਹਰੇ ਘਾਹ ਵਾਲੇ ਹਿੱਸੇ ਉੱਤੇ ਜਾ ਕੇ ਉਡੀਕਣਾ ਜੀ।ਬੱਚਿਆਂ ਨੂੰ ਸਕੂਲ ਦੀ ਇਮਾਰਤ ਦੇ ਸਾਹਮਣੇ ਫਾਇਰ ਅਸੈਂਬਲੀ ਪੁਆਇੰਟ ਤੇ ਸਹਿਯੋਗ ਨਾਲ ਲਿਆਂਦਾ ਜਾਵੇਗਾ।ਇਹ ਅਤਿ ਜ਼ਰੂਰੀ ਹੈ ਤਾਂ ਜੋ ਸੰਕਟ ਵੇਲੇ ਇਮਾਰਤ ਨੂੰ ਨਿਯਮਾਂ ਅਨੁਸਾਰ ਖਾਲੀ ਕੀਤਾ ਜਾ ਸਕੇ ਅਤੇ ਸਭ ਸੁਰਖਿਅਤ ਅਤੇ ਸੌਖੇ ਬਾਹਰ ਆ ਸਕਣ।ਆਪ ਦੇ ਸਹਿਯੋਗ ਲਈ ਧਨਵਾਦ ਹੈ।

### ਦਾਖ਼ਲੇ

੨੦੧੬/੨੦੧੭ ਦੇ ਨਰਸਰੀ ਅਤੇ ਰਿਸੈਪਸ਼ਨ ਦੇ ਦਾਖ਼ਲਿਆਂ ਲਈ ਆਖ਼ਰੀ ਤਾਰੀਖ਼ ਸ਼ੁਕਰਵਾਰ ੧੫ ਜਨਵਰੀ ਹੈ ੨੦੧੬ ਹੈ।ਕਿਰਪਾ ਕਰਕੇ ਨੋਟ ਕਰਨਾ ਕਿ ਨਿਰਾਸ਼ਾ ਤੋਂ ਬਚਣ ਲਈ ਸਮੇਂ ਸਿਰ ਅਰਜ਼ੀਆਂ ਪੁਜਦੀਆਂ ਕਰਨਾ ਜੀ।ਇਸ ਤੋਂ ਬਿਨਾਂ ਆਪ ਜੀ ਦੇ ਬੱਚੇ ਨੂੰ ਅਗਲੇ ਅਕਾਦਮਿਕ ਸਾਲ ਦੇ ਦਾਖ਼ਲੇ ਲਈ ਨਹੀਂ ਵਿਚਾਰਿਆ ਜਾਵੇਗਾ।ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਕੂਲ ਦੇ ਦਾਖ਼ਲਾ ਅਫ਼ਸਰ ਮਿਸਿਜ਼ ਕੌਰ ਨਾਲ ਸੰਪਰਕ ਕਰਨਾ ਜੀ।

### ਬੱਚਿਆਂ ਨੂੰ ਲਿਜਾਣ ਦਾ ਅਧਿਕਾਰ

ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਐਨ ਮੌਕੇ ਤੇ ਆਈ ਫੋਨ ਕਾਲ ਦੇ ਆਧਾਰ ਤੇ ਨਹੀਂ ਭੇਜ ਸਕਦੇ ਜਿਸ ਦਾ ਨਾਮ ਪਹਿਲਾਂ ਤੋਂ ਬੱਚੇ ਨੂੰ ਲਿਜਾਣ ਦੇ ਅਧਿਕਾਰ ਵਾਲੀ ਸੂਚੀ ਵਿਚ ਨਹੀਂ ਹੈ।ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਨਹੀਂ ਭੇਜਾਂਗੇ ਜਿਸ ਨੂੰ ਬੱਚੇ ਨੂੰ ਲਿਜਾਣ ਦਾ ਅਧਿਕਾਰ ਨਹੀਂ ਹੈ।

### ਸਕੂਲੀ ਵਰਦੀ

ਕਿਰਪਾ ਕਰਕੇ ਯਕੀਨੀ ਬਣਾਓਣਾ ਕਿ ਆਪ ਜੀ ਦੇ ਬੱਚੇ ਰੋਜ਼ਾਨਾ ਪੂਰੀ ਅਤੇ ਠੀਕ ਸਕੂਲੀ ਵਰਦੀ ਵਿਚ ਸੱਜ ਕੇ ਸਕੂਲ ਆਉਣ।ਉਨ੍ਹਾਂ ਨੇ ਹੇਠ ਲਿਖੇ ਪਹਿਨਣੇ ਹਨ:




- ਬਲੇਜ਼ਰ
- ਲੋਗੋ ਵਾਲਾ ਸਕੂਲੀ ਜੰਪਰ
- ਚਿੱਟੀ ਕਮੀਜ਼/ਪੋਲੋ ਕਮੀਜ਼
- ਕਾਲੀ ਸਕੂਲੀ ਪੈਂਟ (ਟਰੈਕਸੂਟ ਬਾਟਮ ਬਿਲਕੁਲ ਨਹੀਂ)
- ਕਾਲੇ ਸਕੂਲੀ ਜੋੜੇ (ਟਰੇਨਰ ਜਾਂ ਫੁਟਬਾਲ ਵਾਲੇ ਬੂਟ ਸਿਰਫ਼ ਖੇਡ ਦੀ ਕਿਰਿਆ ਸਮੇਂ ਪਹਿਨਣ ਦੀ ਆਗਿਆ ਹੈ, ਖੇਡ ਖ਼ਤਮ ਹੁੰਦਿਆਂ ਹੀ ਸਕੂਲੀ ਵਰਦੀ ਵਾਲੇ ਜੋੜੇ ਪਹਿਨਣੇ ਲਾਜ਼ਮੀ ਹਨ)
- ਕਾਲੀਆਂ ਜਾਂ ਚਿੱਟੀਆਂ ਜੁਰਾਬਾਂ
- ਗੂੜਾ ਨੀਲਾ ਸਕੂਲੀ ਵਰਦੀ ਵਾਲਾ ਪਟਕਾ (ਕੁਝ ਬੱਚੇ ਕਾਲਾ/ਬੁਣਿਆ/ਜਾਂ ਲੋਗੋ ਵਾਲਾ ਪਟਕਾ ਪਹਿਨਦੇ ਹਨ ਜਿਸ ਦੀ ਕਿ ਆਗਿਆ ਨਹੀਂ ਹੈ)

ਜੇਕਰ ਤੁਹਾਡਾ ਬੱਚਾ ਠੀਕ ਸਕੂਲੀ ਵਰਦੀ ਤੋਂ ਬਿਨਾ ਸਕੂਲ ਆਉਂਦਾ ਹੈ ਤਾਂ ਤੁਹਾਨੂੰ ਠੀਕ ਵਰਦੀ ਸਕੂਲ ਵਿਚ ਲਿਆਉਣ ਲਈ ਸੰਪਰਕ ਕੀਤਾ ਜਾਵੇਗਾ।

### ਇਸ ਹਫ਼ਤੇ ਦਾ ਵਿਚਾਰ

**"ਆਪਣੇ ਵਲੋਂ ਹਮੇਸ਼ਾ ਚੰਗਾ ਕਰੋ।ਜੋ ਤੁਸੀਂ ਹੁਣ ਬੀਜੋਗੇ , ਓਹੀ ਬਾਅਦ ਵਿਚ ਵਢੋਗੇ।"**

### ਹਾਜ਼ਰੀ

੨੭/੧੧/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੁ ਹਰ ਕਰਿਸ਼ਨ ਸਾਹਿਬ ਜੀ ਜਮਾਤ** ਨੂੰ ਸ਼ਾਬਾਸ਼ ਹੇ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ੭ ਦਿਸੰਬਰ ਤੋਂ ਅਰੰਭ ਹੁੰਦਾ ਹਫ਼ਤਾ | ਪੁਸਤਕ ਮੇਲਾ |
| ੧੩ ਦਿਸੰਬਰ ਤੋਂ ਅਰੰਭ ਹੁੰਦਾ ਹਫ਼ਤਾ | ਮਾਪਿਆਂ ਦੀਆਂ ਮੁਲਾਕਾਤਾਂ - ਨਿੱਜੀ ਵਿਦਿਆਰਥੀ ਵਿਕਾਸ |
| ਸ਼ੁਕਰਵਾਰ ੧੮ ਦਿਸੰਬਰ | ਪਤਝੜ ਦੀ ਟਰਮ ਦੀ ਸਮਾਪਤੀ |
| ਸੋਮਵਾਰ ੪ ਜਨਵਰੀ | ਸਟਾਫ਼ ਟਰੇਨਿੰਗ ਦਾ ਦਿਨ (ਬੱਚਿਆਂ ਲਈ ਸਕੂਲ ਨਹੀਂ ਹੈ) |
| ਮੰਗਲਵਾਰ ੫ ਜਨਵਰੀ | ਬਹਾਰ ਦੀ ਰੁੱਤ ਦਾ ਅਰੰਭ ਬੱਚਿਆਂ ਦੀ ਸਕੂਲ ਵਾਪਸੀ |

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk